### ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਫੇਜ਼-8, ਐਸ.ਏ.ਐਸ.ਨਗਰ।

ਹੁਕਮ ਨੰ: 10/19-11 ਅ3(4) ਕੋ:ਸ:4
ਮਿਤੀ, ਐਸ.ਏ.ਐਸ.ਨਗਰ :- 20-03-2015

ਸ਼੍ਰੀਮਤੀ ਜਤਿੰਦਰ, ਮੈਥ ਮਿਸਟ੍ਰੈਸ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਾਲ ਰੋਡ ਲੀਅਨ ਸ.ਸ.ਸ.ਸ .ਅਜਨਾਲਾ ਹੁਣ ਲੀਅਨ ਸ.ਸ.ਸ.ਸ ਗੱਗੋਮਾਹਲ, ਜ਼ਿਲ੍ਹਾ ਅੰਮ੍ਰਿਤਸਰ ਜੋ ਮਿਤੀ 01.10.97 ਤੋਂ 26.11.98 ਅਤੇ ਮਿਤੀ 24.12.98 ਤੋਂ ਹੁਣ ਤੱਕ ਸਰਕਾਰੀ ਡਿਊਟੀ ਤੋਂ ਲਗਾਤਾਰ ਅਣ-ਅਧਿਕਾਰਤ ਤੋਰ ਤੇ ਗੈਰ ਹਾਜਰ ਚੱਲੀ ਆ ਰਹੀ ਹੈ, ਨੂੰ ਇਸ ਦਫਤਰ ਦੇ ਹੁਕਮ ਨੰ: 10/19-2011 ਅ-3(4) ਮਿਤੀ 13-05-2011 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵੱਲੀ 1970 ਦੀ ਧਾਰਾ 8 ਦੇ ਨਿਯਮ 5 (v ਤੋਂ ix) ਅਧੀਨ ਦੋਸ ਸੂਚੀ ਜਾਰੀ ਕੀਤੀ ਗਈ ਸੀ। ਜਿਸ ਸਬੰਧੀ ਸ਼੍ਰੀਮਤੀ ਜਤਿੰਦਰ, ਮੈਥ ਮਿਸਟ੍ਰੈਸ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਾਲ ਰੋਡ ਲੀਅਨ ਸ.ਸ.ਸ.ਸ ਅਜਨਾਲਾ ਹੁਣ ਲੀਅਨ ਸ.ਸ.ਸ.ਸ ਗੱਗੋਮਾਹਲ, ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਕੋਈ ਉੱਤਰ ਨਹੀਂ ਦਿੱਤਾ ਗਿਆ। ਜਿਸ ਵਿੱਚ ਗੈਰਹਾਜ਼ਰੀ ਦਾ ਸਮਾਂ ਲਗਭਗ 16 ਸਾਲ ਹੈ। ਕੁਦਰਤੀ ਨਿਯਾਂ ਨੂੰ ਮੁੱਖ ਰੱਖਦੇ ਹੋਏ ਡਿਊਟੀ ਤੋਂ ਲਗਾਤਾਰ ਅਣਅਧਿਕਾਰਤ ਤੌਰ ਤੇ ਗੈਰਹਾਜ਼ਰ ਰਹਿਣ ਵਾਲੇ ਕਰਮਚਾਰੀਆਂ ਲਈ ਇਕ ਸਾਂਝਾ ਇਸਤਿਹਾਰ ਅਖਬਾਰਾਂ ਵਿੱਚ ਦਿੱਤਾ ਗਿਆ ਜਿਸ ਵਿੱਚ ਲੜੀ ਨੰ: 7 ਤੇ ਇਸ ਕਰਮਚਾਰਨ ਦਾ ਨਾਂ ਵੀ ਸਾਮਲ ਸੀ। ਇਹ ਇਸ਼ਤਿਹਾਰ ਮਿਤੀ 10-02-15 ਦੇ ਦੋ ਪ੍ਰਮੁੱਖ ਅਖਬਾਰਾਂ ਵਿਚ ਛਪਿਆ ਸੀ ਜਿਸ ਵਿਚ ਲਿਖਿਆ ਗਿਆ ਸੀ ਕਿ ਸਬੰਧਤ ਕਰਮਚਾਰਨ ਆਪਣੇ ਪੱਖ ਵਿਚ ਜੇਕਰ ਕੁਝ ਕਹਿਣਾ ਚਾਹੁੰਦੀ ਹੈ ਤਾਂ ਨੋਟਿਸ ਛੱਪਣ ਦੇ 21 ਦਿਨਾਂ ਦੇ ਅੰਦਰ ਅੰਦਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕਰ ਸਕਦੀ ਹੈ। ਪਰੰਤੂ ਇਸ ਇਸ਼ਤਿਹਾਰ ਦੇ ਬਾਵਜੂਦ ਸਬੰਧਤ ਕਰਮਚਾਰਨ ਨੇ ਨਿਰਧਾਰਿਤ ਸਮੇਂ ਵਿੱਚ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਨਹੀਂ ਕੀਤਾ । ਇਸ ਤੋ ਸਪਸ਼ਟ ਹੈ ਕਿ ਇਹ ਕਰਮਚਾਰਨ ਸਰਕਾਰੀ ਨੌਕਰੀ ਚਾਲੂ ਰੱਖਣ ਵਿਚ ਦਿਲਚਸਪੀ ਨਹੀ ਰੱਖਦੀ ਅਤੇ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ।

ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ਼ 13 (ii) ਦੀਆਂ ਪ੍ਰੋਵੀਜ਼ਨਜ਼ ਦੇ ਸਨਮੁੱਖ ਵੀ ਸਪਸ਼ਟ ਹੈ ਕਿ ਇਸ ਸਟੇਜ ਤੇ ਕੋਈ further ਇਨਕੁਆਰੀ reasonably practicable ਨਹੀਂ।

ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਵੱਖ-ਵੱਖ ਸਮੇਂ ਤੇ ਦਿੱਤੀਆਂ ਜੱਜਮੈਂਟਸ ਰਾਹੀਂ ਅਜਿਹੀ ਲੰਬੀ ਗੈਰ ਹਾਜ਼ਰੀ ਵਿੱਚ ਕਰਮਚਾਰੀ ਦੀ ਨੌਕਰੀ ਤੋਂ abandonment ਸਮਝ ਕੇ ਬਿਨਾਂ ਕਿਸੇ further notice ਜਾਂ ਇਨਕੁਆਰੀ ਦੇ ਉਸ ਦੀਆਂ ਸੇਵਾਵਾਂ ਖਤਮ ਕਰਨ ਨੂੰ ਜਾਇਜ਼ ਠਹਿਰਾਇਆ ਹੈ।

ਮਾਨਯੋਗ ਸੁਪਰੀਮ ਕੋਰਟ ਵੱਲੋਂ Jeewan Lal Ltd. Calcutta Vs its Workmen AIR 1961 SC 1567ਦੇ ਫੈਸਲੇ ਵਿੱਚ ਹੇਠ ਦਰਸਾਏ ਅਨੁਸਾਰ ਪ੍ਰੇਖਣ ਕੀਤੇ ਗਏ ਹਨ:-

"If an employee continues to be absent from duty without obtaining leave and in an unauthorized manner for such a long period of time that an inference may reasonably be drawn from such absence that by his absence he has abandoned service, then such long unauthorized absence may legitimately be held to cause a break in the continuity of service."

ਇਕ ਹੋਰ ਕੇਸ Shahoodual Vs Registrar Cooperative Societies, Bihar AIR 1974 SC 1896 ਵਿੱਚ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋ ਹੇਠ ਅਨੁਸਾਰ ਫੈਸਲਾ ਦਿੱਤਾ ਹੈ:-

"After having been taken through the assertions made by both sides, we have no hesitation in coming to the conclusion that even if the appellant was being punished, so that Article 311 could apply, he had been, in the circumstances of the case, given sufficient opportunity to explain his conduct. He had failed to avail of that opportunity. It could not, therefore, be said that the requirements of natural justice or of Article 311 of the Constitution had been contravened. In any case, on the facts before us, we think that it will be useless to afford any further oportunity to the appellant to show cause why he should not be removed from service. The undenied and undeniable fact that the appellant had actually

abandoned his post of duty for an exceedingly long period, without sufficient grounds for his absence, is so glaring that giving him further opportunity to disprove what he practically admits could serve no useful purpose. It could not benefit him or make any difference to the order which could be and has been passed against him. It would only prolong his agony."

ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦੁਆਰਾ ਇੱਕ ਹੋਰ ਕੇਸ Vijay. S Sathaye Vs Indian Airlines Ltd. And others, ਦੇ ਕੇਸ ਵਿੱਚ ਮਿਤੀ 06-09-2013 ਨੂੰ ਦਿੱਤੇ ਫੈਸਲੇ ਵਿੱਚ ਉਪਰੋਕਤ ਨਿਰਧਾਰਤ ਕਾਨੂੰਨ ਨੂੰ ਹੇਠ ਅਨੁਸਾਰ ਮੁੜ ਪ੍ਰਮਾਣਤ ਕੀਤਾ ਹੈ:-

"Absence from duty in the beginning may be a misconduct but when absence is for a very long period, it may amount to voluntarily abandonment of service and in that eventually, the bonds of service come to an end automatically without requiring any order to be passed by the employer." ਇਹ ਜੱਜਮੈਂਟ 2014 (3) RSJ(1) ਵਿੱਚ ਪ੍ਰਕਾਸ਼ਿਤ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਦਿੱਤੇ ਉਕਤ ਫੈਸਲੇ ਅਤੇ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ਼ 13 (ii) ਦੀ ਰੌਸ਼ਨੀ ਵਿੱਚ ਸ਼੍ਰੀਮਤੀ ਜਤਿੰਦਰ, ਮੈਥ ਮਿਸਟ੍ਰੈਸ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਾਲ ਰੋਡ ਲੀਅਨ ਸ.ਸ.ਸ.ਸ ਅਜਨਾਲਾ ਹੁਣ ਲੀਅਨ ਸ.ਸ.ਸ.ਸ ਗੱਗੋਮਾਹਲ, ਜ਼ਿਲ੍ਹਾ ਅੰਮ੍ਰਿਤਸਰ ਦੇ ਅਣ-ਅਧਿਕਾਰਤ ਤੌਰ ਤੇ ਮਿਤੀ 01.10.97 ਤੋਂ 26.11.98 ਅਤੇ ਮਿਤੀ 24.12.98 ਤੋਂ ਹੁਣ ਤੱਕ ਲਗਾਤਾਰ ਸਰਕਾਰੀ ਡਿਊਟੀ ਤੋਂ ਜਾਣਬੁਝ ਕੇ ਗੈਰ ਹਾਜਰ ਰਹਿਣ ਦੇ ਦੋਸ਼ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5 (viii) ਅਧੀਨ ਉਸ ਦੀਆ ਸੇਵਾਵਾਂ ਤਤਕਾਲ ਸਮੇਂ ਤੋਂ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ/ 5815-20 ਮਿਤੀ, ਐਸ.ਏ.ਐਸ.ਨਗਰ : 06-4-2015

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਜਲੰਧਰ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਅੰਮ੍ਰਿਤਸਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ। ਕਰਮਚਾਰਨ ਦੀ ਸੇਵਾ-ਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾਂ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬਧ ਕਰਵਾਈ ਜਾਵੇ।
3. (ਰਜਿਸਟਰਡ) ਪ੍ਰਿੰਸੀਪਲ ਸ.ਸ.ਸ.ਸ ਗੱਗੋਮਾਹਲ, ਜ਼ਿਲ੍ਹਾ ਅੰਮ੍ਰਿਤਸਰ ਨੂੰ ਸਬੰਧਤ ਕਰਮਚਾਰੀ/ ਕਰਮਚਾਰਨ ਦੀ ਸੇਵਾਪੱਤਰੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪੱਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ। ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ।
4. ਪ੍ਰਿੰਸੀਪਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਾਲ ਰੋਡ, ਜ਼ਿਲ੍ਹਾ ਅੰਮ੍ਰਿਤਸਰ ਨੂੰ ਸੂਚਨਾ ਹਿਤ।
5. ਪ੍ਰਿੰਸੀਪਲ ਸ.ਸ.ਸ.ਸ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਨੂੰ ਸੂਚਨਾ ਹਿਤ।
6. ਸ਼੍ਰੀਮਤੀ ਜਤਿੰਦਰ, ਮੈਥ ਮਿਸਟ੍ਰੈਸ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਾਲ ਰੋਡ ਲੀਅਨ ਸ.ਸ.ਸ.ਸ ਅਜਨਾਲਾ ਹੁਣ ਲੀਅਨ ਸ.ਸ.ਸ.ਸ ਗੱਗੋਮਾਹਲ, ਜ਼ਿਲ੍ਹਾ ਅੰਮ੍ਰਿਤਸਰ।

ਨੱਥੀ: ਸੇਵਾਪੱਤਰੀ (ਅਸਲ)

ਸੁਪਰਡੈਂਟ ਕੋਆਰਡੀਨੇਸਨ ਸੈਲ

# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ।

ਹੁਕਮ ਨੰ: 15/37-14 ਅ-3 (6) (ਕੋ:ਸੈ-2)
ਮਿਤੀ, ਐਸ.ਏ.ਐਸ.ਨਗਰ :- 25-03-15

ਇਸ ਦਫਤਰ ਦੇ ਹੁਕਮ ਨੰ: ਹੁਕਮ ਨੰ: 16/2-2009 ਅ-3 (3) ਮਿਤੀ 14-06-2013/ 17-07-13 ਰਾਹੀਂ ਸ਼੍ਰੀ ਮਨਜੀਤ ਸਿੰਘ ਨੂੰ ਬਤੌਰ ਪੀ.ਟੀ.ਆਈ ਟੀਚਰ, ਸ.ਸ.ਸ.ਸ ਚਾਉਕੇ, ਜ਼ਿਲ੍ਹਾ ਬਠਿੰਡਾ ਵਿਖੇ ਐਸ.ਸੀ (ਐਮ) ਕੈਟਾਗਿਰੀ, ਮੈਰਿਟ ਨੰ: 42.47 ਅਤੇ ਤਨਖਾਹ ਸਕੇਲ 5000-8100 ਤਹਿਤ 17 ਵੱਖ-ਵੱਖ ਨਿਰਧਾਰਤ ਸ਼ਰਤਾਂ ਅਧੀਨ ਨਿਯੁਕਤ ਕੀਤਾ ਗਿਆ ਸੀ। ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ), ਬਠਿੰਡਾ ਦੇ ਪੱਤਰ ਨੰ: ਅ-2/1()2013/ਨਿਯੁਕਤੀ /1117/226-29 ਮਿਤੀ 29-07-13 ਰਾਹੀਂ ਸ਼੍ਰੀ ਮਨਜੀਤ ਸਿੰਘ ਨੂੰ ਬਤੌਰ ਪੀ.ਟੀ.ਆਈ ਟੀਚਰ, ਸ.ਸ.ਸ.ਸ ਚਾਉਕੇ, ਜ਼ਿਲ੍ਹਾ ਬਠਿੰਡਾ ਵਿਖੇ ਤੈਨਾਤ ਕੀਤਾ ਗਿਆ। ਕਰਮਚਾਰੀ ਮਿਤੀ 30-07-2013 ਨੂੰ ਦੁਪਹਿਰ ਬਾਅਦ ਬਤੌਰ ਪੀ.ਟੀ.ਆਈ ਟੀਚਰ ਹਾਜ਼ਰ ਹੋਇਆ । ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ), ਬਠਿੰਡਾ ਦੀ ਰਿਪੋਰਟ ਅਨੁਸਾਰ ਇਹ ਕਰਮਚਾਰੀ ਮਿਤੀ 11-11-2013 ਤੋਂ ਲਗਾਤਾਰ ਆਪਣੀ ਡਿਊਟੀ ਤੋਂ ਅਣਅਧਿਕਾਰਤ ਤੌਰ ਤੇ ਗੈਰ-ਹਾਜ਼ਰ ਹੈ।

ਸ਼੍ਰੀ ਮਨਜੀਤ ਸਿੰਘ ਨੂੰ ਜਾਰੀ ਕੀਤੇ ਨਿਯੁਕਤੀ ਪੱਤਰ ਵਿਚ ਸ਼ਰਤ ਨੰ:9 ਤੇ ਇਹ ਸਾਫ ਰੂਪ ਵਿਚ ਦਰਜ ਹੈ ਕਿ " ਉਸਦੀ ਨਿਯੁਕਤੀ ਦੋ ਸਾਲ ਲਈ ਪਰਖਕਾਲ ਸਮੇਂ ਦੀ ਸ਼ਰਤ ਤੇ ਹੋਵੇਗੀ, ਜਿਸ ਵਿਚ ਤਿੰਨ ਸਾਲ ਤੱਕ ਦਾ ਵਾਧਾ ਕੀਤਾ ਜਾ ਸਕਦਾ ਹੈ। ਜੇਕਰ ਇਸ ਪਰਖਕਾਲ ਸਮੇਂ ਦੌਰਾਨ ਸਮਰੱਥ ਅਧਿਕਾਰੀ ਦੀ ਤਸੱਲੀ ਅਨੁਸਾਰ ਉਸ ਦਾ ਕੰਮ ਕਾਜ ਅਤੇ ਵਿਵਹਾਰ ਤਸੱਲੀਬਖਸ਼ ਨਾ ਪਾਇਆ ਗਿਆ ਤਾਂ ਉਸ ਦੀਆਂ ਸੇਵਾਵਾਂ ਬਿਨ੍ਹਾਂ ਕਿਸੇ ਨੋਟਿਸ ਦੇ ਖਤਮ ਕਰਨੀਆਂ ਯੋਗ ਹੋਣਗੀਆਂ।" ਕਰਮਚਾਰੀ ਵੱਲੋਂ ਮਿਤੀ 11-11-13 ਤੋਂ ਹੁਣ ਤੱਕ ਅਣ-ਅਧਿਕਾਰਤ ਤੌਰ ਤੇ ਗੈਰ-ਹਾਜ਼ਰ ਰਹਿ ਕੇ ਅਤੇ ਨਿਯੁਕਤੀ ਦੀਆਂ ਸ਼ਰਤਾਂ ਦੀ ਉਲੰਘਣਾ ਕਰਕੇ ਆਪਣੇ ਗੈਰ ਤਸੱਲੀਬਖਸ਼ ਕੰਮ ਅਤੇ ਵਿਵਹਾਰ ਦਾ ਸਬੂਤ ਦਿੱਤਾ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ), ਪੰਜਾਬ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਨਿਯੁਕਤੀ ਪੱਤਰ ਵਿਚ ਦਰਜ ਸ਼ਰਤ ਨੰ: 9 ਦੇ ਸਨਮੁੱਖ ਸ਼੍ਰੀ ਮਨਜੀਤ ਸਿੰਘ, ਪੀ.ਟੀ.ਆਈ ਟੀਚਰ, ਸ.ਸ.ਸ.ਸ ਚਾਉਕੇ, ਜ਼ਿਲ੍ਹਾ ਬਠਿੰਡਾ ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ / 5808-11 ਮਿਤੀ, ਐਸ.ਏ.ਐਸ.ਨਗਰ : 06-04-2015

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਫਰੀਦਕੋਟ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. (ਰਜਿਸਟਰਡ) ਪ੍ਰਿੰਸੀਪਲ, ਸ.ਸ.ਸ.ਸ ਚਾਉਕੇ, ਜ਼ਿਲ੍ਹਾ ਬਠਿੰਡਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀ ਦੇ ਮੌਜੂਦਾ ਘਰ ਦੇ ਪਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ।
4. ਸ਼੍ਰੀ ਮਨਜੀਤ ਸਿੰਘ, ਪੀ.ਟੀ.ਆਈ ਟੀਚਰ, ਸ.ਸ.ਸ.ਸ ਚਾਉਕੇ, ਜ਼ਿਲ੍ਹਾ ਬਠਿੰਡਾ।

ਸੁਪਰਡੈਂਟ ਕੋਆਰਡੀਨੇਸ਼ਨ ਸੈਲ

# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ।

ਹੁਕਮ ਨੰ: 10/129-05 ਅ-3(4) /ਕੋ:ਸੈਲ(2)
ਮਿਤੀ, ਐਸ.ਏ.ਐਸ.ਨਗਰ :- 25-03-15

ਸ੍ਰੀਮਤੀ ਹਰਪ੍ਰੀਤਪਾਲ ਕੌਰ, ਸ.ਸ. ਮਿਸਟ੍ਰੈਸ, ਸ.ਹ.ਸ ਲੱਲੇ, ਜ਼ਿਲ੍ਹਾ ਫਿਰੋਜ਼ਪੁਰ ਜੋ ਮਿਤੀ 07-06-2005 ਤੋਂ ਸਰਕਾਰੀ ਡਿਊਟੀ ਤੋਂ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਚੱਲੀ ਆ ਰਹੀ ਹੈ, ਨੂੰ ਇਸ ਦਫਤਰ ਦੇ ਹੁਕਮ ਨੰ: 10/129-05 ਅ-3 (4) ਮਿਤੀ 05-10-2005 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ਼ 1970 ਦੀ ਧਾਰਾ 8 ਅਧੀਨ ਨਿਯਮ 5 (v ਤੋਂ ix) ਦੇ ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ।

ਸ੍ਰੀਮਤੀ ਹਰਪ੍ਰੀਤਪਾਲ ਕੌਰ, ਸ.ਸ. ਮਿਸਟ੍ਰੈਸ, ਸ.ਹ.ਸ ਲੱਲੇ, ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਦੋਸ਼ ਸੂਚੀ ਦਾ ਉਤਰ ਪ੍ਰਾਪਤ ਨਾ ਹੋਣ ਕਾਰਨ, ਉਸ ਵਿਰੁੱਧ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਇਸ ਦਫਤਰ ਦੇ ਹੁਕਮ ਨੰ: 10/129-05 ਅ-3(4) ਮਿਤੀ 16-01-2007/ 30-01-2007 ਰਾਂਹੀ ਸ਼੍ਰੀ ਹਰਬੰਸ ਸਿੰਘ, ਜ਼ਿਲ੍ਹਾ ਸਿਖਿਆ ਅਫਸਰ(ਸੈ.ਸਿ), ਫਿਰੋਜ਼ਪੁਰ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ। ਪੜਤਾਲੀਆ ਅਫਸਰ ਵੱਲੋਂ ਪ੍ਰਾਪਤ ਹੋਈ ਪੜਤਾਲ ਰਿਪੋਰਟ ਅਨੁਸਾਰ ਕਰਮਚਾਰਨ ਵਿਰੁੱਧ ਮਿਤੀ 07-06-2005 ਤੋ ਸਰਕਾਰੀ ਡਿਊਟੀ ਤੋ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਦਾ ਦੋਸ਼ ਸਿੱਧ ਹੁੰਦਾ ਹੈ।

ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਸ੍ਰੀਮਤੀ ਹਰਪ੍ਰੀਤਪਾਲ ਕੌਰ, ਸ.ਸ. ਮਿਸਟ੍ਰੈਸ, ਸ.ਹ.ਸ ਲੱਲੇ, ਜ਼ਿਲ੍ਹਾ ਫਿਰੋਜ਼ਪੁਰ ਨੂੰ ਆਪਣੀ ਡਿਊਟੀ ਤੋਂ ਅਣ-ਅਧਿਕਾਰਤ ਤੌਰ ਤੇ ਗੈਰ-ਹਾਜ਼ਰ ਰਹਿਣ ਕਾਰਨ ਮਿਤੀ 10-02-15 ਨੂੰ ਦੋ ਮੁੱਖ ਅਖਬਾਰਾਂ ਅਜੀਤ ਅਤੇ ਦੈਨਿਕ ਜਾਗਰਣ ਵਿਚ ਇਸ਼ਤਿਹਾਰ ਪ੍ਰਕਾਸ਼ਨ ਕਰਵਾਇਆ ਗਿਆ ਅਤੇ ਕਰਮਚਾਰਨ ਨੂੰ ਮੌਕਾ ਦਿੱਤਾ ਗਿਆ ਕਿ ਉਹ ਆਪਣੇ ਪੱਖ ਵਿਚ ਜੇਕਰ ਕੁਝ ਕਹਿਣਾ ਚਾਹੁੰਦੀ ਹੈ ਤਾਂ ਨੋਟਿਸ ਛੱਪਣ ਦੇ 21 ਦਿਨਾਂ ਦੇ ਅੰਦਰ ਅੰਦਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕਰੇ ਪਰੰਤੂ ਇਸ ਨੋਟਿਸ ਦੇ ਜਵਾਬ ਵਿਚ ਕਰਮਚਾਰਨ ਨੇ ਨਾ ਤਾਂ ਕੋਈ ਉਤਰ ਦਿੱਤਾ ਅਤੇ ਨਾ ਹੀ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕੀਤਾ। ਇਸ ਤੋ ਇਹ ਸਪਸ਼ਟ ਹੈ ਕਿ ਕਰਮਚਾਰਨ ਸਰਕਾਰੀ ਨੌਕਰੀ ਚਾਲੂ ਰੱਖਣ ਵਿਚ ਦਿਲਚਸਪੀ ਨਹੀ ਰੱਖਦੀ ਅਤੇ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ੍ਰੀਮਤੀ ਹਰਪ੍ਰੀਤਪਾਲ ਕੌਰ, ਸ.ਸ. ਮਿਸਟ੍ਰੈਸ, ਸ.ਹ.ਸ ਲੱਲੇ, ਜ਼ਿਲ੍ਹਾ ਫਿਰੋਜ਼ਪੁਰ ਦੇ ਅਣ-ਅਧਿਕਾਰਤ ਤੌਰ ਤੇ ਮਿਤੀ 07-06-2005 ਤੋਂ ਹੁਣ ਤੱਕ ਲਗਾਤਾਰ ਸਰਕਾਰੀ ਡਿਊਟੀ ਤੋ ਜਾਣਬੁੱਝ ਕੇ ਗੈਰ ਹਾਜਰ ਰਹਿਣ ਦੇ ਦੋਸ਼ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 5(viii) ਅਧੀਨ ਉਸ ਦੀਆ ਸੇਵਾਵਾਂ ਤਤਕਾਲ ਸਮੇਂ ਤੋਂ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ / 5804-07 ਮਿਤੀ, ਐਸ.ਏ.ਐਸ.ਨਗਰ : 06-04-2015

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਫਰੀਦਕੋਟ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਫਿਰੋਜ਼ਪੁਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾ ਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾਂ ਖਤਮ ਕਰਨ ਸਬੰਧੀ ਇੰਦਰਾਜ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਰਜਿਸਟਰਡ 3. ਮੁੱਖ ਅਧਿਆਪਕ, ਸ.ਹ.ਸ ਲੱਲੇ, ਜ਼ਿਲ੍ਹਾ ਫਿਰੋਜ਼ਪੁਰ ਨੂੰ ਸਬੰਧਤ ਕਰਮਚਾਰਨ ਦੀ ਸੇਵਾਪੱਤਰੀ (ਅਸਲ) ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ। ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕਰਕੇ ਤਸਦੀਕ ਸ਼ੁਦਾ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ।

4. ਸ੍ਰੀਮਤੀ ਹਰਪ੍ਰੀਤਪਾਲ ਕੌਰ, ਸ.ਸ. ਮਿਸਟ੍ਰੈਸ, ਸ.ਹ.ਸ ਲੱਲੇ, ਜ਼ਿਲ੍ਹਾ ਫਿਰੋਜ਼ਪੁਰ।

ਨੱਥੀ: ਸੇਵਾਪੱਤਰੀ (ਅਸਲ)

ਸੁਪਰਡੈਂਟ ਕੋਆਰਡੀਨੇਸ਼ਨ ਸੈਲ